**ਪੰਜਾਬ ਸਰਕਾਰ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**
**(ਸਿਹਤ-2 ਸ਼ਾਖਾ)**

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ।

ਮੀਮੋ ਨੰ. HFW-HLH2026D/209/2022-5H2/387689
ਮਿਤੀ, ਚੰਡੀਗੜ੍ਹ 05.07.2022

**ਵਿਸ਼ਾ:-** **D.N.B ਕੋਰਸ ਕਰਨ ਲਈ ਕਾਉਂਸਲਿੰਗ ਵਿੱਚ ਹਾਜਰ ਹੋਣ ਲਈ ਸਪਾਂਸਰਡ ਕੋਟੇ ਵਿੱਚ ਪ੍ਰੋਵੀਜਨਲ ਇਤਰਾਜਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕਰਨ ਸਬੰਧੀ।**

*****

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: ਈ-4(3)-ਪੰਜਾਬ/2022/4087 ਮਿਤੀ 16.06.2022 ਦੇ ਹਵਾਲੇ ਵਿਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲੇ ਅਧੀਨ ਪੱਤਰ ਰਾਂਹੀ ਆਪ ਵੱਲੋਂ ਭੇਜੇ ਗਏ ਵੇਰਵਿਆਂ/ਤਜਵੀਜ਼ਾਂ/ਸਿਫਾਰਸ਼ਾਂ ਅਨੁਸਾਰ ਹੇਠ ਦਰਸਾਏ ਗਏ ਪੀ.ਸੀ.ਐਮ.ਐਸ਼ ਮੈਡੀਕਲ ਅਫਸਰ ਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ/ਪਾਲਿਸੀ ਨੰ: HFW-HLH2026D/175/2021-3H2/7143-7145, ਮਿਤੀ 14.12.2021 ਦੇ ਸਨਮੁੱਖ ਪੰਜਾਬ ਰਾਜ ਦੇ ਜਿਲ੍ਹਾ ਹਸਪਤਾਲਾਂ ਵਿੱਚ D.N.B ਕੋਰਸ ਲਈ ਸਪਾਂਸਰਡ ਕੋਟੇ ਵਿੱਚ ਪ੍ਰੋਵੀਜਨਲ ਇਤਰਾਜਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਮ/ ਸੇਵਾ ਨੰ:/ ਪੋਸਟਿੰਗ ਦਾ ਸਥਾਨ | ਸੇਵਾ ਸ਼ੁਰੂ ਕਰਨ ਦੀ ਮਿਤੀ/ ਜਨਮ ਮਿਤੀ/ ਰਿਟਾਇਰਮੈਂਟ ਦੀ ਮਿਤੀ | ਪਰਖ ਕਾਲ ਪਾਰ ਹੈ ਜਾਂ ਨਹੀਂ | ਸ਼ਿਕਾਇਤ ਪੜਤਾਲ ਲੰਬਿਤ ਹੈ ਜਾਂ ਨਹੀਂ | ਡੀ.ਐਨ.ਬੀ ਕਰਨ ਉਪਰੰਤ 06 ਸਾਲ ਦੀ ਸੇਵਾ ਬਕਾਇਆ ਹੈ ਜਾਂ ਨਹੀਂ | ਰੂਰਲ ਸੇਵਾ ਅਤੇ ਕੈਟਾਗਿਰੀ | ਕਿਸ ਕੈਟਾਗਿਰੀ ਵਿੱਚ ਸਪਾਂਸਰ ਕੀਤਾ ਜਾਣਾ ਹੈ | ਵਿਸੇਸ਼ ਕਥਨ |
|---|---|---|---|---|---|---|---|---|
| 1 | ਡਾ. ਨਵਦੀਪ ਕੌਰ, ਮੈਡੀਕਲ ਅਫਸਰ ਮੈਰਿਟ ਨੰ. 418/ ਜੀ.ਸੀ./2016 ਸਿਵਲ ਹਸਪਤਾਲ, ਫਰੀਦਕੋਟ | 10.04.1991<br>25.04.2016<br>30.04.2049 | ਹਾਂ ਜੀ | ਨਹੀਂ ਜੀ | ਹਾਂ ਜੀ | ਕੁੱਲ ਸਰਵਿਸ (Appropriate Combination) ਸੀ ਅਤੇ ਡੀ ਕੈਟਾਗਰੀ 07 ਸਾਲ 10 ਦਿਨ | ਸਪਾਂਸਰਡ ਕੈਟਾਗਰੀ | - |

3. ਸਰਕਾਰ ਵੱਲੋਂ ਜਾਰੀ ਪਾਲਿਸੀ/ਹਦਾਇਤਾਂ ਨੰ: HFW-HLH2026D/175/2021-3H2/7143-7145, ਮਿਤੀ 14.12.2021 ਦੇ ਪੈਰਾ 2 ਵਿੱਚ ਮੈਡੀਕਲ ਅਫਸਰ ਨੂੰ ਪੰਜਾਬ ਰਾਜ ਦੇ ਜ਼ਿਲ੍ਹਾਂ ਹਸਪਤਾਲਾਂ ਵਿੱਚ ਡੀ.ਐਨ.ਬੀ. ਕੋਰਸ ਕਰਨ ਲਈ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ:-

**ੳ** **ਸਪਾਂਸਰਡ ਕੈਟਾਗਿਰੀ ਲਈ ਸ਼ਰਤਾਂ:-**

i) ਜਿਨ੍ਹਾਂ ਪੀ.ਸੀ.ਐਮ.ਐਸ. ਮੈਡੀਕਲ ਅਫ਼ਸਰਾਂ ਨੇ 3 ਸਾਲ ਦੀ ਸੇਵਾ Difficult Rural Area ਜਾਂ More Difficult Rural Area ਵਿੱਚ ਪੂਰੀ ਕੀਤੀ ਹੋਵੇ।

ii) ਪਰਖਕਾਲ ਸਮਾਂ ਪਾਰ ਹੋਵੇ।

iii) ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਕੋਈ ਵਿਜੀਲੈਂਸ ਪੜਤਾਲ ਆਦਿ ਲੰਬਿਤ ਨਾਂ ਹੋਵੇ।

iv) ਚੋਣ ਹੋਣ ਉਪਰੰਤ ਡਾਕਟਰ ਵੱਲੋਂ 6 ਸਾਲ ਦੀ ਸੇਵਾ ਕਰਨ ਲਈ ਰੁ. 25,00,000/- (ਪੱਚੀ ਲੱਖ ਰੁਪਏ) ਦਾ ਬਾਂਡ ਭਰਨਾ ਹੋਵੇਗਾ।

v) ਕੋਰਸ ਕਰਨ ਉਪਰੰਤ ਡਾਕਟਰ ਦੀ 6 ਸਾਲ ਦੀ ਸੇਵਾ ਬਾਕੀ ਰਹਿੰਦੀ ਹੋਵੇ; ਅਤੇ

vi) ਜੇਕਰ ਡਾਕਟਰ ਕੋਰਸ ਕਰਨ ਉਪਰੰਤ ਸੇਵਾ ਪੂਰੀ ਨਹੀਂ ਕਰਦਾ ਜਾਂ ਬਾਂਡ ਮਨੀ ਨਹੀਂ ਭਰਦਾ ਤਾਂ ਉਸ ਦੀ ਰਜਿਸਟਰੇਸ਼ਨ ਸਬੰਧਤ ਮੈਡੀਕਲ ਕੌਂਸਲ ਤੋਂ ਰੱਦ ਕਰਵਾ ਦਿੱਤੀ ਜਾਵੇਗੀ।

4. ਇਹ ਐਨ.ਓ.ਸੀ ਉਕਤ ਸ਼ਰਤਾਂ ਤੋਂ ਇਲਾਵਾ ਸਿਹਤ ਵਿਭਾਗ ਦੀਆਂ ਹਦਾਇਤਾਂ ਨੰ: 26/142/18-2HB2/1509055/1-3. ਮਿਤੀ 25.06.2019 ਵਿੱਚ ਦਰਜ਼ ਸ਼ਰਤਾਂ ਤੇ ਲਾਗੂ ਹੋਵੇਗਾ। ਸਪਾਂਸਰਡ ਕੈਟਾਗਰੀ ਅਧੀਨ ਕਵਰ ਹੋਣ ਵਾਲੇ ਡਾਕਟਰਾਂ ਨੂੰ ਡੀ.ਐਨ.ਬੀ. ਕੋਰਸ ਦੌਰਾਨ ਸਰਕਾਰ ਦੇ ਪੱਤਰ ਨੰ. 27/35/15-5HB2/447931/1. ਮਿਤੀ 26.03.2015 ਅਨੁਸਾਰ ਐਨ.ਪੀ.ਏ. ਮਿਲਣਯੋਗ ਨਹੀਂ ਹੋਵੇਗਾ।

5. ਜੇਕਰ ਡਾਕਟਰ ਦੀ ਸਲੈਕਸ਼ਨ ਹੋ ਜਾਂਦੀ ਹੈ ਤਾਂ ਉਹ ਸਰਕਾਰ ਤੋਂ ਫਾਰਮਲ ਐਨ.ਓ.ਸੀ. ਲੈ ਕੇ ਜਾਵੇਗਾ ਅਤੇ ਜੇਕਰ ਬਾਅਦ ਵਿੱਚ ਸਰਕਾਰ ਦੇ ਧਿਆਨ ਵਿੱਚ ਕੋਈ ਪ੍ਰਤੀਕੂਲ ਤੱਥ ਆਉਂਦੇ ਹਨ ਤਾਂ ਜਾਰੀ ਕੀਤੇ ਐਨ.ਓ.ਸੀ. ਤੇ ਮੁੜ ਵਿਚਾਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

6. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

**ਪਿੱਠ.ਅੰਕਣ ਨੰ: HFW-HLH2026D/209/2022-5H2/** 387681 **ਮਿਤੀ: ਚੰਡੀਗੜ੍ਹ;** 06.07.2022

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, (ਸਿਹਤ-3 ਸ਼ਾਖਾ) ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਮੈਡੀਕਲ ਭਵਨ, ਸੈਕਟਰ-69, ਮੋਹਾਲੀ।
3. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ਪਟਿਆਲਾ। (through website)
4. ਸਬੰਧਤ ਸਿਵਲ ਸਰਜਨ। (through website)
5. ਸਬੰਧਤ ਡਾਕਟਰ। (through website)

ਸੁਪਰਡੰਟ